**ਮਿਤੀ 05-12-2022 ਨੂੰ ਦਰਜ ਹੋਏ ਮੁਕੱਦਮੇ**

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 235<br>ਮਿਤੀ:05-12-22<br>ਜੁਰਮ: 61-1-14<br>ਐਕਸਾਈਜ ਐਕਟ<br>ਥਾਣਾ:- ਫੇਸ-1 ਮੋਹਾਲੀ | ਸ.ਥ. ਸੋਹਨ ਲਾਲ<br>ਥਾਣਾ ਫੇਸ-1 ਮੋਹਾਲੀ<br>98783-80077 | ਮਨਦੀਪ ਸਿੰਘ ਪੁੱਤਰ ਧਰਮਪਾਲ ਸਿੰਘ ਵਾਸੀ ਪਿੰਡ ਕੋਟਲਾ ਬਜਵਾੜਾ ਜਿਲਾ ਫਤਿਹਗੜ ਸਾਹਿਬ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਸਮੇਤ ਇੰਸਪੈਕਟਰ ਵਿਕਾਸ ਕੁਮਾਰ ਆਬਕਾਰੀ ਵਿਭਾਗ ਦੇ ਨੇੜੇ ਐਮ.ਓ.ਆਈ.ਲਾਈਟਾਂ ਫੇਸ-1 ਮੋਹਾਲੀ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਚੰਡੀਗੜ੍ਹ ਤੋਂ ਸਸਤੇ ਭਾਅ ਵਿੱਚ ਸ਼ਰਾਬ ਖਰੀਦ ਕੇ ਲਿਆ ਕੇ ਪੰਜਾਬ ਵਿੱਚ ਅਲੱਗ ਅਲੱਗ ਥਾਵਾਂ ਤੇ ਮਹਿੰਗੇ ਭਾਅ ਵਿੱਚ ਵੇਚਦਾ ਹੈ। ਜੋ ਅੱਜ ਵੀ ਆਪਣੀ ਕਾਰ ਨੰਬਰੀ ਪੀ.ਬੀ-10ਬੀ.ਯੂ-0265 ਮਾਰਕਾ ਇੰਡੀਕਾ ਵਿੱਚ ਚੰਡੀਗੜ੍ਹ ਤੋਂ ਸ਼ਰਾਬ ਖਰੀਦ ਕੇ ਆ ਰਿਹਾ ਹੈ। ਜੇਕਰ ਹੁਣੇ ਹੀ ਪੀ.ਟੀ.ਐਲ ਚੌਂਕ ਨੇੜੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾਵੇ ਤਾਂ ਉਕਤ ਦੋਸ਼ੀ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਤੁਰੰਤ ਨਾਕਾਬੰਦੀ ਕਰਕੇ **06 ਪੇਟੀਆਂ ਸ਼ਰਾਬ** ਮਾਰਕਾ 999ਪਾਵਰ ਸਟਾਰ ਫਾਈਨ ਵਿਸਕੀ ਫਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਹੋਈਆਂ। |
| 2 | ਮੁਕੱਦਮਾ ਨੰ:236<br>ਮਿਤੀ:05-12-22<br>ਜੁਰਮ:354ਸੀ,509, 500, ਆਈ.ਪੀ.ਸੀ ਅਤੇ 67ਏ, ਆਈ.ਟੀ.ਐਕਟ<br>ਥਾਣਾ:-ਫੇਸ-1 ਮੋਹਾਲੀ | ਗੁਰਸ਼ਰਨ ਸਿੰਘ ਕੰਗ ਪੁੱਤਰ ਜੋਗਿੰਦਰ ਸਿੰਘ ਕੰਗ ਵਾਸੀ ਮਕਾਨ ਨੰ.49 ਫੇਸ-4 ਮੋਹਾਲੀ ਜਿਲਾ ਐਸ.ਏ.ਐਸ.ਨਗਰ | ਸ਼ਾਹਰੁਖ ਪੁੱਤਰ ਹੇਰੂਨ ਵਾਸੀ ਪਿੰਡ ਮਲਕਪੁਰ ਕੰਡਾਲਾ ਜਿਲਾ ਸ਼ਾਮਲੀ ਯੂ.ਪੀ. | ਇੱਕ ਦਰਖਾਸਤ ਨੰਬਰੀ 22511220014011/ਐਸ/ਐਸ.ਐਸ.ਪੀ ਐਸ.ਏ.ਐਸ ਨਗਰ ਮੌਸੂਲ ਹੋਈ। ਜਿਸ ਵਿੱਚ ਦ/ਕਰਤਾ ਨੇ ਦੱਸਿਆ ਕਿ ਉਸਨੇ ਆਪਣੀ ਫੇਸਬੁੱਕ ਪ੍ਰੋਫਾਈਲ ਦੇਖਦੇ ਹੋਏ ਇੱਕ ਵਾਇਰਲ ਵੀਡੀਓ ਕਲਿੱਪ ਦੇਖੀ ਜੋ ਕਿ ਅਸ਼ਲੀਲ ਅਤੇ ਭੱਦੀ ਸੀ ਜਿਸ ਵਿੱਚ ਦ/ਕਰਤਾ ਦੇ ਬੇਟੀ ਜੀਵਨਜੋਤ ਕੌਰ ਦੀਆਂ ਫੇਕ ਫੋਟੋਆਂ ਲਗਾਈਆਂ ਗਈਆਂ ਹਨ। ਜਿਸ ਕਰਕੇ ਉਸਦਾ ਅਪਮਾਨ ਹੋਇਆ ਹੈ ਅਤੇ ਇੱਜਤ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਕਤ ਵੀਡੀਓ ਜਾਨਵੀ ਦੂਬੇ ਦੀ ਆਈ.ਡੀ ਤੋਂ ਅਪਲੋਡ ਕੀਤੀ ਗਈ ਹੈ। ਦਰਖਾਸਤ ਦੀ ਪੜਤਾਲ ਇੰਚਾਰਜ ਸਾਈਬਰ ਸੈੱਲ ਵੱਲੋਂ ਕਰਕੇ ਪੜਤਾਲੀਆ ਰਿਪੋਰਟ ਉਪ ਕਪਤਾਨ ਪੁਲਿਸ ਸਾਈਬਰ ਅਤੇ ਫਾਇਨੈਂਸ਼ੀਅਲ ਕਰਾਈਮ ਸਾਹਿਬ ਕੋਲ ਭੇਜੀ ਗਈ। ਬਾਅਦ ਵਿੱਚ ਮਾਨਯੋਗ ਐਸ.ਐਸ.ਪੀ. ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 3 | ਮੁਕੱਦਮਾ ਨੰ:98<br>ਮਿਤੀ:05-12-22<br>ਜੁਰਮ:13ਏ-3-67<br>ਜੂਆ ਐਕਟ<br>ਥਾਣਾ:- ਨਵਾਂ ਗਰਾਓਂ | ਸ.ਥ. ਰਾਮੇਸ਼ਵਰ ਦਾਸ<br>ਥਾਣਾ ਨਵਾਂ ਗਰਾਓਂ<br>98888-70644 | 1) ਅਰਜਨ ਪੁੱਤਰ ਸ਼ਿਵ ਕੁਮਾਰ ਵਾਸੀ ਮਕਾਨ ਨੰ.179 ਫੇਸ-2 ਬਾਪੂ ਧਾਮ ਕਲੋਨੀ ਚੰਡੀਗੜ੍ਹ<br>2) ਅਮਰ ਪੁੱਤਰ ਭੀਮ ਵਾਸੀ ਫੇਸ-2 ਚੰਡੀਗੜ੍ਹ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਾਣੀ ਵਾਲੀ ਟੈਂਕੀ ਨੇੜੇ ਕਮੇਟੀ ਦਫਤਰ ਨਵਾਂ ਗਰਾਓਂ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਪਿੰਡ ਕਾਂਸਲ ਨੇੜੇ ਠੇਕਾ ਸ਼ਰਾਬ ਨਾਲ ਲਗਦੇ ਟੀਨ ਦੇ ਬਣਾਏ ਹਾਲ ਵਿੱਚ ਉਕਤ ਦੋਸ਼ੀਆਨ ਭੋਲੇ ਭਾਲੇ ਲੋਕਾਂ ਨੂੰ ਤਾਸ਼ ਨਾਲ ਪੈਸੇ ਦਾ ਲਾਲਚ ਦੇ ਕੇ ਜੂਆ ਖਿਡਾ ਰਹੇ ਹਨ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤ ਦੋਸ਼ੀਆਨ ਮੌਕਾ ਪਰ ਕਾਬੂ ਆ ਸਕਦੇ ਹਨ। ਤੁਰੰਤ ਰੇਡ ਕਰਕੇ ਉਕਤਾਨ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ ਜਿਹਨਾਂ ਪਾਸੋਂ ਦੜੇ ਸੱਟੇ ਦੇ ਕੁੱਲ **02ਲੱਖ 06ਹਜਾਰ 410 ਰੁਪਏ** ਬਰਾਮਦ ਹੋਏ। |
| 4 | ਮੁਕੱਦਮਾ ਨੰ:174<br>ਮਿਤੀ:05-12-22<br>ਜੁਰਮ:174-ਏ,<br>ਆਈ.ਪੀ.ਸੀ<br>ਥਾਣਾ:- ਫੇਸ-8 ਮੋਹਾਲੀ | ਸ਼੍ਰੀ ਰਵਤੇਸ਼ ਇੰਦਰਜੀਤ ਸਿੰਘ<br>ਜੇ.ਐਮ.ਆਈ.ਸੀ ਫਸਟ ਕਲਾਸ<br>ਕੋਰਟ ਕੰਪਲੈਕਸ ਮੋਹਾਲੀ | ਮਨੋਜ ਕੁਮਾਰ ਪੁੱਤਰ ਰਾਮ ਨਾਥ<br>ਵਾਸੀ ਨੇੜੇ ਪਾਲੀ ਆਟਾ ਚੱਕੀ ਪਿੰਡ ਕੁੰਭੜਾ ਥਾਣਾ ਫੇਸ-8 | ਇਹ ਮੁਕੱਦਮਾ ਮਾਨਯੋਗ ਜੱਜ ਸਾਹਿਬ ਦੇ ਹੁਕਮ ਤੇ ਦਰਜ ਕੀਤਾ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਉਕਤ ਦੋਸ਼ੀ ਕੇਸ ਨੰਬਰ ਸੀ.ਐਚ.ਆਈ/27/2022 ਵਿੱਚ ਪੀ ਉ ਹੈ। ਜੋ ਆਪਣੀ ਪੇਸ਼ੀ ਪਰ ਮਾਨਯੋਗ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕੀਤਾ ਗਿਆ ਹੈ। |

| | | | | |
|---|---|---|---|---|
| 5 | ਮੁਕੱਦਮਾ ਨੰ:175<br>ਮਿਤੀ:05-12-22<br>ਜੁਰਮ:379,<br>ਆਈ.ਪੀ.ਸੀ<br>ਥਾਣਾ:-ਫੇਸ-8 ਮੋਹਾਲੀ | ਗੁਰਮੀਤ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਬਰੀਵਾਲਾ ਜਿਲਾ ਸ੍ਰੀ ਮੁਕਤਸਰ ਸਾਹਿਬ ਹਾਲ ਵਾਸੀ ਮਕਾਨ ਨੰ.<br>ਐਚ.ਐਲ-214 ਫੇਸ-9 ਮੋਹਾਲੀ<br>98779-75871 | ਨਾ-ਮਾਲੂਮ ਵਿਅਕਤੀ/ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਆਪਣੀ ਕਾਰ ਨੰਬਰੀ ਸੀ.ਐਚ-03-0710 ਮਾਰਕਾ ਹੌਂਡਾ ਸਿਟੀ ਕੱਲ ਸ਼ਾਮ ਮੰਡੀ ਤੋਂ ਆ ਕੇ ਆਪਣੇ ਘਰ ਦੇ ਬਾਹਰ ਖੜੀ ਕੀਤੀ ਸੀ। ਅੱਜ ਜਦੋਂ ਮੈਂ ਵਕਤ ਕਰੀਬ 07:50 ਏ.ਐਮ ਪਰ ਡਿਊਟੀ ਜਾਣ ਲੱਗੇ ਦੇਖਿਆ ਤਾਂ ਮੇਰੀ ਉਕਤ ਨੰਬਰੀ ਕਾਰ ਆਪਣੀ ਜਗਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਆਪਣੇ ਤੌਰ ਪਰ ਕਾਫੀ ਭਾਲ ਕੀਤੀ ਜੋ ਨਹੀਂ ਮਿਲੀ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:509<br>ਮਿਤੀ:05-12-22<br>ਜੁਰਮ:363,366ਏ,<br>ਆਈ.ਪੀ.ਸੀ<br>ਥਾਣਾ:-ਸੋਹਾਣਾ | ਹਰਪ੍ਰੀਤ ਸਿੰਘ ਪੁੱਤਰ ਲੇਟ ਬਲਵਿੰਦਰ ਸਿੰਘ ਵਾਸੀ ਪਿਡ ਬਠਲਾਣਾ ਥਾਣਾ ਸੋਹਾਣਾ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 25 ਸਾਲ<br>78889-93492 | 1) ਅਕਾਸ਼ਦੀਪ ਸਿੰਘ ਪੁੱਤਰ ਜਗਦੀਸ਼ ਚੰਦ ਵਾਸੀ ਪਿੰਡ ਡੂਮਛੇੜੀ ਜਿਲਾ ਰੂਪਨਗਰ<br>2) ਹਰਦੀਪ ਸਿੰਘ ਵਾਸੀ ਪਿੰਡ ਸੰਧੂਆਂ ਜਿਲਾ ਰੂਪਨਗਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅਸੀਂ 03 ਭੈਣ ਭਰਾ ਹਾਂ। ਮੇਰੀ ਭੈਣ ਹਰਪ੍ਰੀਤ ਕੌਰ ਉਮਰ ਕਰੀਬ 17 ਸਾਲ ਜੋ ਕਿ ਦਸਵੀਂ ਕਲਾਸ ਵਿੱਚ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜਦੀ ਹੈ। ਜੋ ਮਿਤੀ 01-12-22 ਨੂੰ ਸਾਡੇ ਘਰ ਤੋਂ ਸਵੇਰੇ 05:30ਏ.ਐਮ ਪਰ ਚਲੀ ਗਈ ਸੀ। ਜਿਸ ਦੀ ਅਸੀਂ ਹੁਣ ਤੱਕ ਭਾਲ ਕਰਦੇ ਰਹੇ ਜੋ ਨਹੀਂ ਮਿਲੀ। ਮੈਨੂੰ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਅਕਾਸ਼ਦੀਪ ਸਿੰਘ ਅਤੇ ਉਸਦਾ ਮਾਮਾ ਹਰਦੀਪ ਸਿੰਘ ਮੇਰੀ ਭੈਣ ਹਰਪ੍ਰੀਤ ਕੌਰ ਨੂੰ ਵਰਗਲਾ ਫੁਸਲਾ ਕਿ ਆਪਣੇ ਨਾਲ ਕਿਧਰੇ ਲੈ ਗਏ ਹਨ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ: 510<br>ਮਿਤੀ:05-12-22<br>ਜੁਰਮ:379,<br>ਆਈ.ਪੀ.ਸੀ<br>ਥਾਣਾ:-ਸੋਹਾਣਾ | ਲੋਹਿਤ ਕੌਸ਼ਲ ਪੁੱਤਰ ਲੇਟ ਦਿਵਾਕਰ ਕੌਸ਼ਲ ਵਾਸੀ ਫਲੈਟ ਨੰ.601 ਲਾਇਰਾ ਤਾਜ ਟਾਵਰ ਸੈਕ:104 ਮੋਹਾਲੀ ਜਿਲਾ ਐਸ.ਏ.ਐਸ.ਨਗਰ<br>98734-28164 | 1) ਜਸਪਾਲ ਸਿੰਘ ਵਾਸੀ ਮਕਾਨ ਨੰ.2089 ਸੈਕ:104 ਮੋਹਾਲੀ<br>2) ਕੁਲਵੀਰ ਸਿੰਘ ਵਾਸੀ ਸੈਕਟਰ 100 ਮੋਹਾਲੀ ਅਤੇ ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਪ੍ਰਾਪਰਟੀ ਖਰੀਦਣ ਵੇਚਣ ਦਾ ਕੰਮ ਕਰਦਾ ਹਾਂ। ਮੈਂ ਮਿਤੀ 03-12-22 ਨੂੰ ਸੈਰ ਕਰਨ ਗਿਆ ਤਾਂ ਦੇਖਿਆ ਕਿ ਸਾਡੇ ਸੈਕ:104 ਵਿੱਚ ਲੱਗੇ ਬਹੁਤ ਜਿਆਦਾ ਦਰੱਖਤ ਕਿਸੇ ਨੇ ਕੱਟ ਕੇ ਚੋਰੀ ਕਰ ਲਏ ਹਨ। ਜਿਹਨਾਂ ਬਾਰੇ ਅਸੀਂ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦੇ ਰਹੇ ਤਾਂ ਸਾਨੂੰ ਹੁਣ ਪਤਾ ਲੱਗਾ ਹੈ ਕਿ ਇਹ ਸਾਰੇ ਦਰੱਖਤ ਉਕਤ ਦੋਸ਼ੀਆਨ ਨੇ ਕੱਟ ਕੇ ਚੋਰੀ ਕਰਕੇ ਵੇਚ ਦਿੱਤੇ ਹਨ। ਜਿਹਨਾਂ ਖਿਲਾਫ ਹੁਣ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ: 511<br>ਮਿਤੀ:05-12-22<br>ਜੁਰਮ:4(1),21(1),<br>ਮਾਈਨਿੰਗ ਐਕਟ 1957<br>ਥਾਣਾ:-ਸੋਹਾਣਾ | ਹਰਪ੍ਰੀਤ ਸਿੰਘ<br>ਜੇ.ਈ. ਕਮ ਮਾਈਨਿੰਗ ਇੰਸਪੈਕਟਰ ਐਸ.ਏ.ਐਸ.ਨਗਰ<br>98789-25522 | 1) ਟਾਟਾ ਹਿਟਾਚੀ ਪੋਕਲੇਟ ਦੇ ਮਾਲਕਾਂ ਅਤੇ ਡਰਾਈਵਰਾਂ<br>2) ਜੇ.ਸੀ.ਬੀ ਮਸ਼ੀਨ ਨੰਬਰ ਪੀ.ਬੀ-23ਕੇ-9881 ਦੇ ਮਾਲਕਾਂ ਅਤੇ ਡਰਾਈਵਰਾਂ<br>3) ਟਿੱਪਰ ਨੰਬਰ ਪੀ.ਬੀ-65ਐਲ-8132 ਦੇ ਮਾਲਕਾਂ ਅਤੇ ਡਰਾਈਵਰਾਂ<br>4) ਟਿੱਪਰ ਨੰਬਰ ਪੀ.ਬੀ-65ਐਲ-8032 ਦੇ ਮਾਲਕਾਂ ਅਤੇ ਡਰਾਈਵਰਾਂ | ਮੁਦੱਈ ਮੁਕੱਦਮਾ ਨੇ ਇੱਕ ਦਰਖਾਸਤ ਮੁੱਖ ਅਫਸਰ ਥਾਣਾ ਪਾਸ ਦਿੱਤੀ ਜਿਸ ਵਿੱਚ ਦੱਸਿਆ ਕਿ ਨਜਾਇਜ਼ ਮਾਈਨਿੰਗ ਸਬੰਧੀ ਪ੍ਰਾਪਤ ਹੋਈ ਦਰਖਾਸਤ ਉੱਤੇ ਕਾਰਵਾਈ ਕਰਦਿਆਂ ਪਿੰਡ ਦੈੜੀ ਦਾ ਮੌਕਾ ਦੇਖਿਆ ਗਿਆ ਜਿੱਥੇ ਇੱਕ ਪੋਕਲੇਟ ਮਸ਼ੀਨ ਟਾਟਾ ਹਿਟਾਚੀ ਅਤੇ ਇੱਕ ਜੇ.ਸੀ.ਬੀ ਨਜਾਇਜ਼ ਮਾਈਨਿੰਗ ਕਰਦੀ ਪਾਈ ਗਈ ਅਤੇ ਮੌਕੇ ਉੱਤੇ ਦੋ ਟਿੱਪਰ ਨੰਬਰੀ ਉਕਤ ਵੀ ਫੜੇ ਗਏ ਜਿਹਨਾਂ ਦੇ ਮਾਲਕ ਅਤੇ ਡਰਾਈਵਰ ਮੌਕਾ ਤੋਂ ਫਰਾਰ ਹੋ ਗਏ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |

| | | | | |
|---|---|---|---|---|
| 9 | ਮੁਕੱਦਮਾ ਨੰ:379<br>ਮਿਤੀ:05-12-22<br>ਜੁਰਮ:323,325,341,<br>506,34,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਪਵਨ ਕੁਮਾਰ ਪੁੱਤਰ ਦੇਸਰਾਜ ਵਾਸੀ ਮਕਾਨ ਨੰ.771 ਮੁਹੱਲਾ ਰੌਣੀ ਵਾਰਡ ਨੰ.18 ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 52 ਸਾਲ<br>92172-91128 | 1) ਵਿਪੁਲ ਗਰਗ<br>2) ਰਿਸ਼ਵ ਗਰਗ ਪੁੱਤਰਾਨ ਨਰੇਸ਼ ਗਰਗ ਵਾਸੀ ਸ਼ਰਨਾ ਕਲੋਨੀ ਵਾਰਡ ਨੰ.18 ਡੇਰਾਬਸੀ ਅਤੇ 01 ਨਾ-ਮਾਲੂਮ ਲੜਕਾ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 03-12-22 ਨੂੰ ਸ਼ਾਮ ਸਮੇਂ ਮੇਰਾ ਲੜਕਾ ਹਰਪ੍ਰੀਤ ਸਿੰਘ ਆਪਣੇ ਦੋਸਤ ਜੰਗ ਬਹਾਦਰ ਦੀ ਭੈਣ ਦੀ ਸ਼ਾਦੀ ਦਾ ਲੇਡੀਜ ਸੰਗੀਤ ਵਿੱਚ ਸ਼ਾਮਿਲ ਹੋ ਕੇ ਆਪਣੇ ਦੋਸਤ ਮੁਹੰਮਦ ਆਸਿਫ ਪੁੱਤਰ ਮੁਹੰਮਦ ਸਾਬਿਰ ਨਾਲ ਮਿਤੀ 3/4-12-22 ਦੀ ਦਰਮਿਆਨੀ ਰਾਤ ਨੂੰ ਘਰ ਵਾਪਿਸ ਆ ਰਹੇ ਸੀ ਤਾਂ ਜਦੋਂ ਮੇਰਾ ਲੜਕਾ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਨੇੜੇ ਬਣੀ ਪਾਰਕ ਕੋਲ ਪੁੱਜਾ ਤਾਂ ਮੋਟਰ ਸਾਈਕਲ ਰੋਕ ਕੇ ਬਾਥਰੂਮ ਕਰ ਰਿਹਾ ਸੀ ਤਾਂ ਉੱਥੇ ਹੀ ਵਿਪੁਲ ਗਰਗ ਨੇ ਆਪਣੀ ਵਰਨਾ ਗੱਡੀ ਬੈਕ ਕਰਕੇ ਇੱਕ ਹੋਰ ਖੜੀ ਗੱਡੀ ਵਿੱਚ ਮਾਰੀ ਤਾਂ ਮੇਰੇ ਲੜਕੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਤੁਸੀਂ ਜਾਓ ਕਿਸੇ ਨੇ ਨਹੀਂ ਦੇਖਿਆ। ਇੰਨੀ ਗੱਲ ਕਹਿਣ ਤੇ ਵਿਪੁਲ ਗਰਗ ਤੇ ਇੱਕ ਹੋਰ ਨਾ-ਮਾਲੂਮ ਲੜਕਾ ਗੱਡੀ ਤੋਂ ਉਤਰ ਕੇ ਮੇਰੇ ਲੜਕੇ ਦੇ ਗਲ ਪੈ ਗਏ। ਵਿਪੁਲ ਗਰਗ ਨੇ ਫੋਨ ਕਰਕੇ ਆਪਣੇ ਭਰਾ ਰਿਸ਼ਵ ਗਰਗ ਨੂੰ ਵੀ ਮੌਕਾ ਪਰ ਬੁਲਾ ਲਿਆ। ਮੇਰਾ ਲੜਕਾ ਇਹਨਾਂ ਤੋਂ ਛੁੱਟ ਕੇ ਭੱਜਣ ਲੱਗਾ ਤਾਂ ਇਹਨਾਂ ਨੇ ਮੇਰੇ ਲੜਕੇ ਨੂੰ ਘੇਰ ਕੇ ਉਸਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਵਿਪੁਲ ਗਰਗ ਨੇ ਮੇਰੇ ਲੜਕੇ ਦੀ ਜੀਭ ਤੇ ਬੁੜਕਾ ਮਾਰ ਕੇ ਜੀਭ ਨੂੰ ਵੱਢ ਦਿੱਤਾ ਜਿਸ ਦਾ ਜੀਭ ਦਾ ਟੁਕੜਾ ਕੱਟ ਕੇ ਥੱਲੇ ਡਿੱਗ ਪਿਆ। ਜਦੋਂ ਮੇਰੇ ਲੜਕੇ ਦੇ ਦੋਸਤ ਮੁਹੰਮਦ ਆਸਿਫ ਨੇ ਉਕਤਾਨ ਪਾਸੋਂ ਛੁਡਾਇਆ ਤਾਂ ਇਹਨਾਂ ਨੇ ਉਸਦੇ ਵੀ ਥੱਪੜ ਮਾਰੇ। ਬਾਅਦ ਵਿੱਚ ਮੁਹੰਮਦ ਆਸਿਫ ਹਰਪ੍ਰੀਤ ਸਿੰਘ ਨੂੰ ਸਿਵਲ ਹਸਪਤਾਲ ਡੇਰਾਬਸੀ ਵਿਖੇ ਲੈ ਕੇ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਲੜਕੇ ਨੂੰ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ। |
| 10 | ਮੁਕੱਦਮਾ ਨੰ:380<br>ਮਿਤੀ:05-12-22<br>ਜੁਰਮ:279,304ਏ, 427,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਸ਼ੈਂਟੂ ਰਾਮ ਪੁੱਤਰ ਲੇਟ ਕਮਲੇਸ਼ਵਰੀ ਰਾਮ ਵਾਸੀ ਪਿੰਡ ਮੁਰਾਦਪੁਰ ਜਿਲਾ ਸਾਹਰਸਾ ਬਿਹਾਰ ਹਾਲ ਵਾਸੀ ਗੱਗਾ ਕਲੋਨੀ ਪਾਤੜਾਂ ਜਿਲਾ ਪਟਿਆਲਾ<br>ਉਮਰ 38 ਸਾਲ<br>80021-7324 | ਸੁਰਿੰਦਰ ਪੁੱਤਰ ਪਾਲਾ ਰਾਮ ਵਾਸੀ ਮਕਾਨ ਨੰ.674 ਕ੍ਰਿਸ਼ਨਾ ਇੰਨਕਲੇਵ ਢਕੋਲੀ ਜਿਲਾ ਐਸ.ਏ.ਐਸ.ਨਗਰ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਮੈਂ ਅਤੇ ਮੇਰਾ ਭਰਾ ਟੂਨਟੂਨ ਰਾਮ ਉਮਰ ਕਰੀਬ 32 ਸਾਲ ਅਰਸਾ ਕਰੀਬ 6 ਮਹੀਨੇ ਪਹਿਲਾਂ ਕੰਮਕਾਰ ਲਈ ਪੰਜਾਬ ਰਾਜ ਵਿੱਚ ਆਏ ਸੀ। ਮੇਰਾ ਭਰਾ ਟੂਨਟੂਨ ਰਾਮ ਕੰਮ ਦੇ ਸਿਲਸਿਲੇ ਵਿੱਚ ਮੁਬਾਰਿਕਪੁਰ ਡੇਰਾਬਸੀ ਵਿਖੇ ਆ ਰਹਿਣ ਲੱਗ ਪਿਆ ਸੀ। ਮਿਤੀ 03-12-22 ਨੂੰ ਮੈਂ ਆਪਣੇ ਛੋਟੇ ਭਰਾ ਟੂਨਟੂਨ ਰਾਮ ਨੂੰ ਮਿਲਣ ਲਈ ਮੁਬਾਰਿਕਪੁਰ ਵਿਖੇ ਆਇਆ ਸੀ ਤਾਂ ਵਕਤ ਕਰੀਬ 09:00 ਪੀ.ਐਮ ਦਾ ਹੋਵੇਗਾ ਮੈਂ ਆਪਣੇ ਭਰਾ ਨਾਲ ਬਜਾਰ ਵਿੱਚੋਂ ਘਰੇਲੂ ਸਮਾਨ ਲੈ ਕੇ ਆਪਣੇ ਕਮਰੇ ਵੱਲ ਪੈਦਲ ਜਾ ਰਹੇ ਸੀ ਤਾਂ ਸਾਡੇ ਪਿੱਛੇ ਤੋਂ ਇੱਕ ਮੋਟਰ ਸਾਈਕਲ ਨੰਬਰੀ ਪੀ.ਬੀ-23ਕਿਯੂ-6880 ਬੜੀ ਤੇਜ਼ ਰਫਤਾਰੀ ਨਾਲ ਆਇਆ ਜਿਸ ਦੇ ਚਾਲਕ ਨੇ ਮੇਰੇ ਭਰਾ ਨੂੰ ਇੱਕਦਮ ਪਿੱਛੇ ਤੋਂ ਫੇਟ ਮਾਰ ਦਿੱਤੀ। ਜਿਸ ਕਾਰਨ ਮੇਰਾ ਭਰਾ ਬੁੜਕ ਕੇ ਸੜਕ ਤੇ ਡਿੱਗ ਪਿਆ ਅਤੇ ਕਾਫੀ ਸੱਟਾਂ ਲੱਗੀਆਂ। ਮੈਂ ਰਾਹਗੀਰਾਂ ਦੀ ਮੱਦਦ ਨਾਲ ਆਪਣੇ ਭਰਾ ਨੂੰ ਸਿਵਲ ਹਸਪਤਾਲ ਡੇਰਾਬਸੀ ਵਿਖੇ ਲੈ ਕੇ ਆ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਭਰਾ ਨੂੰ ਜੀ.ਐਮ.ਸੀ.ਐਚ ਸੈਕ:32 ਚੰਡੀਗੜ੍ਹ ਰੈਫਰ ਕਰ ਦਿੱਤਾ। ਜਿੱਥੇ ਅੱਜ ਮੇਰੇ ਭਰਾ ਦੀ ਦੌਰਾਨੇ ਇਲਾਜ ਮੌਤ ਹੋ ਗਈ। ਇਸ ਹਾਦਸੇ ਵਿੱਚ ਉਕਤ ਮੋਟਰ ਸਾਈਕਲ ਚਾਲਕ ਵੀ ਜਖਮੀ ਹੋ ਗਿਆ। |